# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ (ਦਸਵੀਂ) / ਸੀਨੀਅਰ ਸੈਕੰਡਰੀ (ਬਾਰ੍ਹਵੀਂ) ਪਰੀਖਿਆ

## ਫਰਵਰੀ / ਮਾਰਚ 2025

## ਕੰਪਾਰਟਮੈਂਟ / ਰੀ-ਅਪੀਅਰ /ਕਾਰਗੁਜਾਰੀ ਵਧਾਉਣ ਲਈ

## ਵਾਧੂ ਵਿਸ਼ੇ ਦੀ ਪਰੀਖਿਆ ਸਬੰਧੀ (ਸਮੇਤ ਓਪਨ ਸਕੂਲ)

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ)

(ਪੰਜਾਬ)

# ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ/ਬਾਰ੍ਹਵੀਂ ਪਰੀਖਿਆ ਫਰਵਰੀ / ਮਾਰਚ-2025 ਕੰਪਾਰਟਮੈਂਟ/ਰੀ-ਅਪੀਅਰ/ਕਾਰਗੁਜਾਰੀ ਵਧਾਉਣ ਲਈ/ਵਾਧੂ ਵਿਸ਼ੇ ਵਾਲੇ ਉਮੀਦਵਾਰਾਂ ਲਈ ਪਰੀਖਿਆ ਫਾਰਮ ਭਰਨ ਸਬੰਧੀ ਜਰੂਰੀ ਸੂਚਨਾਵਾਂ/ਹਦਾਇਤਾਂ

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

1.3 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਨਹੀ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.4 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.5 ਰੋਲ ਨੰਬਰ ਕੇਵਲ ਬੋਰਡ ਦੀ ਵੈਬਸਾਈਟ ਤੇ ਹੀ ਉਪਲੱਬਧ ਹੋਣਗੇ ਅਤੇ ਡਾਕ ਰਾਹੀਂ ਕੋਈ ਰੋਲ ਨੰਬਰ ਨਹੀਂ ਭੇਜਿਆ ਜਾਵੇਗਾ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਮੁੱਖ ਦਫਤਰ ,ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ (ਮੋਹਾਲੀ) ਨਾਲ ਸੰਪਰਕ ਕੀਤਾ ਜਾਵੇ।

1.6 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ ਤੇ ਲਿਖਾਰੀ ਦੀ ਤਸਦੀਕਸ਼ੁਦਾ ਫੋਟੋ ਹਸਤਾਖਰਾਂ ਸਮੇਤ ਸਬੰਧਤ ਜਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.7 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

1.8 ਵਾਧੂ ਵਿਸ਼ੇ ਵਾਲੇ ਪ੍ਰੀਖਿਆਰਥੀ ਜੇਕਰ ਪ੍ਰਯੋਗੀ ਵਿਸ਼ੇ ਵਾਲੀ ਪਰੀਖਿਆ ਦਿੰਦਾ ਹੈ, ਤਾਂ ਉਸ ਲਈ ਲਿਖਤੀ ਅਤੇ ਪ੍ਰਯੋਗੀ ਦੋਵੇਂ ਪਰੀਖਿਆਵਾਂ ਵਿੱਚ ਅਪੀਅਰ ਹੋਣਾ ਲਾਜਮੀ ਹੈ ਅਤੇ ਪ੍ਰੈਕਟੀਕਲ ਦੀ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀ ਨੂੰ 75% ਹਾਜ਼ਰੀਆਂ ਦਾ ਸਰਟੀਫਿਕੇਟ ਜਮਾਂ ਕਰਵਾਉਣਾ ਲਾਜ਼ਮੀ ਹੋਵੇਗਾ ।

1.9 ਉਮੀਦਵਾਰ ਆਪਣੇ ਪ੍ਰੀਖਿਆ ਫਾਰਮ ਫੀਸ ਅਤੇ ਚਲਾਨ ਇਕੱਠੇ ਜਮ੍ਹਾਂ ਕਰਵਾਉਣਗੇ ।

1.10 ਕਾਰਗੁਜਾਰੀ ਵਧਾਉਣ ਵਾਲੇ ਪ੍ਰੀਖਿਆਰਥੀ ਪ੍ਰੀਖਿਆ ਪਾਸ ਕਰਨ ਉਪਰੰਤ ਅਗਲੇ ਦੋ ਸਾਲਾਂ ਵਿੱਚ ਪ੍ਰੀਖਿਆ ਦੌਰਾਨ ਮੌਕਾਂ ਲੈ ਕੇ ਕਾਰਗੁਜਾਰੀ ਦੀ ਪ੍ਰੀਖਿਆ ਦੇ ਸਕਦਾ ਹੈ ।

1.11 ਕਾਰਗੁਜਾਰੀ ਵਧਾਉਣ ਲਈ ਪ੍ਰੀਖਿਆਰਥੀ ਇੱਕ ਜਾਂ ਇੱਕ ਤੋ ਵੱਧ ਵਿਸ਼ਿਆ ਵਿੱਚ ਅਪੀਅਰ ਹੋ ਕੇ ਆਪਣੀ ਕਾਰਗੁਜਾਰੀ ਵਧਾ ਸਕਦਾ ਹੈ ।

# ਅਜਿਹੇ ਪ੍ਰੀਖਿਆਰਥੀ ਦੇ ਨਤੀਜੇ ਵਿੱਚ ਘੱਟੋ ਘੱਟ ਇੱਕ ਪ੍ਰਤੀਸ਼ਤ ਅੰਕ ਵੱਧ ਜਾਣ ਤੇ ਉਸ ਦੀ ਕਾਰਗੁਜਾਰੀ ਵਿੱਚ ਸੁਧਾਰ ਸਮਝਿਆ ਜਾਵੇਗਾ ।

# ਵਿਸ਼ੇਵਾਰ ਪਹਿਲਾਂ ਪ੍ਰਾਪਤ ਅੰਕ ਵਿੱਚੋ ਇੱਕ ਘੱਟ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ੇ ਦਾ ਪਿਛਲਾ ਨਤੀਜਾ ਬਰਕਰਾਰ ਰਖਿਆ ਜਾਵੇਗਾ ।

# ਕਿਸੇ ਵਿਸ਼ੇ/ਵਿਸ਼ਿਆਂ ਵਿੱਚ ਗੈਰ ਹਾਜਰ ਰਹਿਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ/ਵਿਸ਼ਿਆਂ ਦਾ ਪਹਿਲਾ ਨਤੀਜਾ ਬਰਕਰਾਰ ਰੱਖਿਆ ਜਾਵੇਗਾ ।

# ਇਸ ਕੈਟਾਗਰੀ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀ ਦੇ ਸੀ.ਸੀ.ਈ ਦੇ ਪੁਰਾਣੇ ਅੰਕ ਚੁੱਕੇ ਜਾਣਗੇ । ਜੇਕਰ ਪ੍ਰੀਖਿਆਰਥੀ ਨਵੇਂ ਸਿਰੇ ਤੋ ਪ੍ਰਯੋਗੀ ਪ੍ਰੀਖਿਆ ਦੇਣਾ ਚਾਹੁੰਦਾ ਤਾਂ ਉਸ ਨੂੰ ਆਪਣੇ ਪ੍ਰੀਖਿਆ ਫਾਰਮ ਵਿੱਚ ਨਵੀਂ ਪ੍ਰਯੋਗੀ ਪ੍ਰੀਖਿਆ ਬਾਰੇ ਜਿਕਰ ਕਰਨਾ ਹੋਵੇਗਾ ।

# ਕਾਰਗੁਜਾਰੀ ਵਧਾਉਣ ਵਾਲਾ ਪ੍ਰੀਖਿਆਰਥੀ ਕਾਰਗੁਜਾਰੀ ਵਿੱਚ ਵਾਧਾ ਕਰਨ ਉਪਰੰਤ ਆਪਣਾ ਪੁਰਾਣਾ ਸਰਟੀਫਿਕੇਟ ਦਫਤਰ ਜਮ੍ਹਾ ਕਰਵਾਏਗਾ, ਇਸ ਉਪਰੰਤ ਹੀ ਉਸ ਨੂੰ ਨਵਾਂ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ।

2. ਪਾਸ ਫਾਰਮੂਲਾ :-

ਉਮੀਦਵਾਰ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜਰੂਰੀ ਹੈ।

ਕੰਪਾਰਟਮੈਂਟ/ਰੀ-ਅਪੀਅਰ/ਵਾਧੂ ਵਿਸ਼ੇ ਵਿੱਚ ਪਾਸ ਹੋਣ ਲਈ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜਰੂਰੀ ਹਨ ਹੋਰ ਅਜਿਹੇ ਵਿਸ਼ੇ ਜਿਸ ਦੀ ਪ੍ਰਯੋਗੀ ਪਰੀਖਿਆ ਹੋਣੀ ਹੈ ਨੂੰ ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜਰੂਰੀ ਹਨ ।

3. ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ।

3.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨः-ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਤੋਂ ਜਾਂ ਜਿਲ੍ਹਾ/ਮੰਡਲ ਅਫਸਰ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਤੋਂ ਜਿਸ ਦਾ ਅਹੁਦਾ ਉਪ-ਜਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਅਹੁੱਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

3.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨः- 3.1 ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਤੋਂ ਜਾਂ ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਤੋਂ ਜਿਸ ਦਾ ਅਹੁਦਾ ਜਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ ਜਾਂ ਪਹਿਲੇ ਦਰਜੇ ਦਾ ਮੈਜਿਸਟ੍ਰੇਟ।

3.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਤੋ ਤਸਦੀਕ ਕਰਵਾ ਸਕਦੇ ਹਨ ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਅਹੁਦਾ ਜਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ।

3.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰੈਜੀਮੈਂਟ/ਕੰਪਨੀ ਅਫਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

3.5 ਵਾਧੂ ਵਿਸ਼ੇ ਦੀ ਪ੍ਰੀਖਿਆ ਸਾਲ ਵਿੱਚ ਦੋ ਵਾਰ ਅਨੁਪੂਰਕ ਪ੍ਰੀਖਿਆ ਦੇ ਨਾਲ ਅਤੇ ਮਾਰਚ ਵਿੱਚ ਹੋਵੇਗੀ ਜਦੋਂ ਕਿ ਕਾਰਗੁਜਾਰੀ ਦੀ ਪ੍ਰੀਖਿਆ ਕੇਵਲ ਮਾਰਚ ਵਿੱਚ ਹੀ ਹੋਵੇਗੀ।

3.6 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਸਕਦੀ ਹੈ।

4. ਆਨ ਲਾਈਨ ਪ੍ਰੀਖਿਆ ਫਾਰਮ/ਫੀਸ ਭਰਨ ਅਤੇ ਫਾਰਮ ਦੀ ਕਾਪੀ (ਸਮੇਤ ਦਸਤਾਵੇਜ) ਜਮ੍ਹਾਂ ਕਰਵਾਉਣ ਦਾ ਸ਼ਡਿਊਲ :

4.1 ਫੀਸਾਂ ਦਾ ਵੇਰਵਾ –

| | ਮੈਟ੍ਰਿਕੁਲੇਸ਼ਨ (ਦਸਵੀਂ) | ਸੀਨੀਅਰ ਸੈਕੰਡਰੀ (ਬਾਰ੍ਹਵੀਂ) |
|---|---|---|
| ਰੀ-ਅਪੀਅਰ / ਕੰਪਾਰਟਮੈਂਟ ਅਤੇ ਵਾਧੂ ਵਿਸ਼ਾ ਲਈ ਪ੍ਰੀਖਿਆ ਫੀਸ | 1150+200 = 1350/- (ਸਮੇਤ ਹਾਰਡ ਕਾਪੀ) | 1500 +250 = 1750/- (ਸਮੇਤ ਹਾਰਡ ਕਾਪੀ) |
| ਕਾਰਗੁਜਾਰੀ ਵਧਾਉਣ ਲਈ ਪ੍ਰੀਖਿਆ ਫੀਸ | 1900+200 = 2100/- (ਸਮੇਤ ਹਾਰਡ ਕਾਪੀ) | 2200+250 = 2450/- (ਸਮੇਤ ਹਾਰਡ ਕਾਪੀ) |

ਆਨ-ਲਾਈਨ ਫਾਰਮ ਭਰਨ ਉਪਰੰਤ ਹਾਰਡ ਕਾਪੀ ਫਾਰਮ ਪ੍ਰਿੰਟ ਕਰਕੇ ਤਸਦੀਕਸ਼ੁਦਾ ਪ੍ਰੀਖਿਆ ਫਾਰਮ ਦੇ ਨਾਲ ਰੀਅਪੀਅਰ / ਕੰਪਾਰਟਮੈਟ ਦੀ ਸੂਰਤ ਵਿੱਚ ਨਤੀਜੇ ਦੀ ਕਾਪੀ,ਵਾਧੂ ਵਿਸ਼ਾ ਅਤੇ ਕਾਰਗੁਜ਼ਾਰੀ ਵਧਾਉਣ ਲਈ ਦੀ ਸੂਰਤ ਵਿੱਚ ਸਬੰਧਤ ਸ਼੍ਰੇਣੀ ਦੇ ਪਾਸ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨੱਥੀ ਕਰਕੇ ਨਿਮਨਲਿਖਤ ਸ਼ਡਿਊਲ ਅਨੁਸਾਰ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ।

4.2 ਮਿਤੀਆਂ ਦਾ ਸ਼ਡਿਊਲ -

| ਵੇਰਵਾ | ਬਿਨਾਂ ਲੇਟ ਫੀਸ ਨਾਲ | 500/– ਰੁ: ਲੇਟ ਫੀਸ ਨਾਲ | 1500/– ਰੁ: ਲੇਟ ਫੀਸ ਨਾਲ |
|---|---|---|---|
| ਆਨ ਲਾਈਨ ਪ੍ਰੀਖਿਆ ਫਾਰਮ ਸਬਮਿਟ ਕਰਨ ਅਤੇ ਫੀਸ ਜਮ੍ਹਾ ਕਰਵਾਉਣ ਦੀ ਅੰਤਿਮ ਮਿਤੀ | 17-09-2024 ਤੋਂ 14-10-2024 ਤੱਕ | 15-10-2024 ਤੋਂ 25-10-2024 ਤੱਕ | 26-10-2024 ਤੋਂ 11-11-2024 ਤੱਕ |
| ਤਸਦੀਕ ਸ਼ੁਦਾ ਪ੍ਰੀਖਿਆ ਫਾਰਮ ਅਤੇ ਦਸਤਾਵੇਜ (ਹਾਰਡ ਕਾਪੀ) ਦਫਤਰ ਵਿੱਚ ਜਮ੍ਹਾ ਕਰਵਾਉਣ ਦੀ ਅੰਤਿਮ ਮਿਤੀ | 18-10-2024 (ਖੇਤਰੀ ਦਫਤਰ) | 29-10-2024 (ਖੇਤਰੀ ਦਫਤਰ) | 15-11-2024 (ਖੇਤਰੀ ਦਫਤਰ) |

ਪਰੀਖਿਆ ਫੀਸ ਕੇਵਲ ਆਨ-ਲਾਈਨ ਗੇਟ ਵੇਅ, ਕਰੈਡਿਟ ਕਾਰਡ, ਡੈਬਿਟ ਕਾਰਡ ਅਤੇ ਨੈਟ ਬੈਂਕਿੰਗ ਰਾਹੀਂ ਜਮ੍ਹਾਂ ਹੋਵੇਗੀ, ਪਰੀਖਿਆ ਫੀਸ ਜਮ੍ਹਾਂ ਹੋਣ ਉਪਰੰਤ ਹੀ ਫਾਰਮ ਆਨ-ਲਾਈਨ ਪ੍ਰਿੰਟ ਕੀਤੇ ਜਾ ਸਕਣਗੇ ।

5.0 ਆਨਲਾਈਨ ਪ੍ਰੀਖਿਆ ਫਾਰਮ ਹੇਠ ਲਿਖੇ ਅਨੁਸਾਰ ਭਰਿਆ ਜਾਵੇ :

5.1 ਬੋਰਡ ਦੀ ਵੈੱਬ ਸਾਈਟ **www.pseb.ac.in** ਨੂੰ ਖੋਲਿਆ ਜਾਵੇ ਅਤੇ ਇਸ ਉੱਪਰ ਦਿੱਤੇ ਹੋਏ **Online Addmission Form** ਸੈਕਸ਼ਨ ਤੇ ਕਲਿੱਕ ਕੀਤਾ ਜਾਵੇ।

5.2 **Online Addmission Form** ਸੈਕਸ਼ਨ ਅਧੀਨ ਆਪਣੀ ਸ਼੍ਰੇਣੀ ਅਤੇ ਕੈਟਾਗਰੀ ਨਾਲ ਸਬੰਧਤ ਲਿੰਕ ਤੇ ਕਲਿੱਕ ਕੀਤਾ ਜਾਵੇ।

5.3 ਕਲਿੱਕ ਕਰਨ ਉਪਰੰਤ ਫਾਰਮ ਭਰਨ ਲਈ ਆਨਲਾਈਨ ਐਪਲੀਕੇਸ਼ਨ ਖੁੱਲੇਗੀ। ਇਸ ਪੇਜ ਉੱਪਰ ਇੱਕ ਪਾਸੇ ਪ੍ਰਾਸਪੈਕਟ ਅਤੇ ਜਰੂਰੀ ਹਦਾਇਤਾਂ ਦਿੱਤੀਆਂ ਗਈਆਂ ਹਨ, ਇਹਨਾਂ ਨੂੰ ਫਾਰਮ ਭਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ ਅਤੇ ਦੂਸਰੇ ਪਾਸੇ ਹੇਠ ਲਿਖੇ 3 ਲਿੰਕ ਦਿੱਤੇ ਗਏ ਹਨ :

5.4 **New User? Click Here To Register**

ਜਿਸ ਵੀ ਪ੍ਰੀਖਿਆਰਥੀ ਨੇ ਫਾਰਮ ਭਰਨਾ ਹੈ, ਉਸ ਲਈ ਇੱਕ ਵਾਰੀ ਇਸ ਲਿੰਕ ਤੇ ਕਲਿੱਕ ਕਰਕੇ ਰਜਿਸਟਰ ਕਰਨਾ ਜਰੂਰੀ ਹੈ। ਰਜਿਸਟਰ ਕਰਨ ਲਈ ਸ਼੍ਰੇਣੀ, ਫਾਰਮ ਦੀ ਕੈਟਾਗਰੀ ਭਾਵ ਕੰਪਾਰਟਮੈਂਟ,ਰੀਅਪੀਅਰ,ਵਾਧੂ ਵਿਸ਼ਾ ਅਤੇ ਕਾਰਗੁਜਾਰੀ ਵਧਾਉਣ ਆਦਿ, ਸੈਸ਼ਨ, ਰੋਲ ਨੰਬਰ, ਈ. ਮੇਲ ਅਤੇ ਕੈਪਚਾ ਭਰਕੇ ਸਬਮਿਟ ਕੀਤਾ ਜਾਵੇ। ਸਬਮਿਟ ਕਰਨ ਉਪਰੰਤ ਫਾਰਮ ਖੁੱਲ ਜਾਵੇਗਾ, ਫਾਰਮ ਵਿੱਚ ਦਿੱਤੇ ਸਾਰੇ ਕਾਲਮ ਧਿਆਨ ਨਾਲ ਭਰੇ ਜਾਣ। ਉਸ ਫਾਰਮ ਉੱਪਰ ਇੱਕ ਰੈਫਰੈਂਸ ਨੰ. ਜਾਰੀ ਕੀਤਾ ਜਾਵੇਗਾ, ਉਸਨੂੰ ਨੋਟ ਕਰਕੇ ਰੱਖਣਾ ਯਕੀਨੀ ਬਣਾਇਆ ਜਾਵੇ। ਇੱਕ ਵਾਰ ਰਜਿਸਟਰ ਕਰਨ ਤੋਂ ਬਾਅਦ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ।

5.5 **If you have registered & have Ref. No Click Here To Login**

ਜੋ ਪ੍ਰੀਖਿਆਰਥੀ ਰਜਿਸਟਰ ਕਰ ਚੁੱਕਾ ਹੈ ਅਤੇ ਉਸ ਕੋਲ ਰੈਫਰੈਂਸ ਨੰਬਰ ਹੈ ਤਾਂ ਇਸ ਲਿੰਕ ਕਰਕੇ ਲਾਗਇੰਨ ਕਰੇਗਾ ਅਤੇ ਉਸਦਾ ਫਾਰਮ ਖੁੱਲ ਜਾਵੇਗਾ। ਇਸ ਉਪਰੰਤ ਚਲਾਨ ਜਨਰੇਟ ਕੀਤਾ ਜਾਂ ਐਪਲੀਕੇਸ਼ਨ ਫਾਰਮ ਪ੍ਰਿੰਟ ਕੀਤਾ ਜਾ ਸਕਦਾ ਹੈ।

5.6 **Forgot Ref. No? Click Here**

ਇਹ ਲਿੰਕ ਉਹਨਾਂ ਪ੍ਰੀਖਿਆਰਥੀਆਂ ਲਈ ਹੈ, ਜਿੰਨਾਂ ਨੇ ਪਹਿਲੇ ਲਿੰਕ ਰਾਹੀਂ ਇੱਕ ਵਾਰੀ ਰਜਿਸਟਰ ਕਰ ਲਿਆ ਸੀ, ਪ੍ਰੰਤੂ ਉਹ ਆਪਣਾ ਰੈਫਰੈਂਸ ਨੰਬਰ ਭੁੱਲ ਗਏ ਹਨ। ਉਹ ਇਸ ਲਿੰਕ ਰਾਹੀਂ ਦਿੱਤੇ ਕਾਲਮਾਂ ਵਿੱਚ ਮੰਗੀ ਸੂਚਨਾਂ ਭਰ ਕੇ ਆਪਣਾ ਰੈਫਰੈਂਸ ਨੰਬਰ ਦੇਖ ਸਕਦੇ ਹਨ।

5.7 ਫਾਰਮ ਵਿੱਚ ਦਿੱਤੇ ਸਾਰੇ ਕਾਲਮ ਭਰਕੇ ਫਾਰਮ ਸੇਵ ਕਰ ਦਿੱਤਾ ਜਾਵੇ ਅਤੇ ਫਾਰਮ ਨੂੰ ਦੁਬਾਰਾ ਚੰਗੀ ਤਰ੍ਹਾਂ ਵਾਚਣ ਉਪਰੰਤ ਜਨਰੇਟ ਚਾਲਾਨ ਤੇ ਕਲਿੱਕ ਕੀਤਾ ਜਾਵੇ। ਚਲਾਨ ਜਨਰੇਟ ਹੋਣ ਉਪਰੰਤ ਫਾਰਮ ਵਿੱਚ ਭਰੇ ਵੇਰਵਿਆ ਵਿੱਚ ਕੋਈ ਵੀ ਸੋਧ ਨਹੀਂ ਕੀਤੀ ਜਾ ਸਕੇਗੀ।ਇਸ ਉਪਰੰਤ ਫੀਸ ਦਿੱਤੀ ਗਈ ਆਪਸ਼ਨ ਅਨੁਸਾਰ ਭਰੀ ਜਾਵੇਗੀ ।

5.8 ਪ੍ਰੀਖਿਆਰਥੀਆਂ ਦੇ ਰੋਲ ਨੰਬਰ ਬੋਰਡ ਦੀ ਵੈੱਬ ਸਾਈਟ ਤੋਂ ਸਿੱਧੇ ਤੌਰ ਤੇ ਰੋਲ ਨੰਬਰ ਸੈਕਸ਼ਨ ਅਧੀਨ ਦਿੱਤੇ ਲਿੰਕ ਤੇ ਜਾ ਕੇ ਡਾਊਨਲੋਡ ਕੀਤੇ ਜਾਣ।

ਸਕੱਤਰ